**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

**ਸੇਵਾ ਵਿਖੇ**

1.ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)

2.ਸਕੂਲ ਮੁੱਖੀ(ਵੈੱਬਸਾਈਟ ਰਾਹੀਂ)

ਮੀਮੋ ਨੰ ਡਿਐਸਪੀਡੀਵੀ/45776

ਮਿਤੀ ਚੰਡੀਗੜ੍ਹ 08 ਜੁਲਾਈ, 2010

**ਵਿਸ਼ਾ ਸਕੂਲ ਮੁੱਖੀਆਂ ਵੱਲੋਂ ਸਟਾਫ ਨਾਲ ਹਫਤਾਵਾਰ ਮੀਟਿੰਗ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਪਿਛਲੇ ਦਿਨੀਂ ਸਕੂਲਾਂ ਦੇ ਨਿਰੀਖਣਾਂ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਸਕੂਲ ਮੁੱਖੀ ਅਤੇ ਦੂਜੇ ਸਟਾਫ ਦੇ ਵਿੱਚ ਕਈ ਥਾਵਾਂ ਤੇ ਤਾਲਮੇਲ ਦੀ ਘਾਟ ਹੈ । ਕਈ ਵਾਰੀ ਮੁੱਖ ਦਫਤਰ ਅਤੇ ਜ਼ਿਲ੍ਹਾ ਦਫਤਰਾਂ ਵੱਲੋਂ ਜਾਰੀ ਹਦਾਇਤਾਂ ਸਬੰਧਤ ਵਿਸ਼ਾ ਅਧਿਆਪਕ ਤੀਕ ਨਹੀਂ ਪਹੁੰਚਾਈਆਂ ਜਾਂਦੀਆਂ। ਇਸੀ ਤਰ੍ਹਾਂ ਵਿਸ਼ਾ ਅਧਿਆਪਕਾਂ ਵੱਲੋਂ ਕੀਤੇ ਗਏ ਕੰਮ ਅਤੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਦੀ ਸਕੂਲ ਮੁੱਖੀ ਨੂੰ ਕੋਈ ਜਾਣਕਾਰੀ ਨਹੀਂ ਹੁੰਦੀ ਹੈ । ਉਪਰੋਕਤ ਨੂੰ ਧਿਆਨ ਵਿੱਚ ਰੱਖਦਿਆਂ ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਸਕੂਲ ਮੁੱਖੀ ਹਫਤੇ ਵਿੱਚ ਇਕ ਦਿਨ 15-20 ਮਿੰਟ ਆਪਣੇ ਸਮੂਹ ਸਟਾਫ ਨਾਲ ਬੈਠ ਕੇ ਮੀਟਿੰਗ ਕਰਨ । ਇਸ ਮੀਟਿੰਗ ਵਿੱਚ ਪਿਛਲੇ ਦਿਨਾਂ ਵਿੱਚ ਕੀਤੇ ਗਏ ਕੰਮਾਂ ਦਾਂ ਅਤੇ ਅਗਲੇ ਹਫਤੇ ਵਿੱਚ ਕੀਤੇ ਜਾਣ ਵਾਲੇ ਕੰਮਾਂ ਦਾ ਰਿਵਯੂ ਕੀਤਾ ਜਾਵੇ । ਇਸ ਤੋਂ ਇਲਾਵਾ ਹੇਠਾ ਲਿਖੇ ਮੁੱਦਿਆਂ ਤੇ ਵਿਸ਼ੇਸ਼ ਤੌਰ ਤੇ ਜ਼ੋਰ ਦਿੱਤਾ ਜਾਵੇ :-

1. ਮਹੀਨਾਵਾਰ ਸਿਲੇਬਸ ਦੀ ਪ੍ਰੋਗਰੈਸ
2 ਬੱਚਿਆਂ ਦੀ ਗਿਣਤੀ
3 ਅਧਿਆਪਕਾਂ ਵੱਲੋਂ ਲਿਖੇ ਜਾਣ ਵਾਲੇ ਪਾਠ ਦੀ ਤਿਆਰੀ
4 ਅਧਿਆਪਕਾਂ ਵੱਲੋਂ ਮਹੀਨਾਵਾਰ ਕਾਪੀਆਂ ਦੀ ਜਾਂਚ ਅਤੇ ਉਨ੍ਹਾਂ ਵੱਲੋ ਮਹੀਨਾਵਾਰ ਰਜਿਸਟਰ ਵਿੱਚ ਪ੍ਰਾਪਤ ਅੰਕਾਂ ਦਾ ਵੇਰਵਾ ਦਰਜ ਕਰਨਾ
5 ਮਾਨਿਟਰ ਡਾਇਰੀ
6 ਇਸ ਤੋਂ ਇਲਾਵਾ ਹੋਰ ਕੋਈ ਵੀ ਆਈਟਮ ਜੋ ਸਕੂਲ ਮੁੱਖੀ ਠੀਕ ਸਮਝਣ

3.0 ਇਹ ਵੀ ਸੁਝਾਅ ਦਿੱਤਾ ਜਾਂਦਾ ਹੈ ਕਿ ਇਹ ਮੀਟਿੰਗ ਇਸ ਤਰੀਕੇ ਨਾਲ ਕੀਤੀ ਜਾਵੇ ਤਾਂ ਜੋ ਬੱਚਿਆਂ ਦੀ ਪੜ੍ਹਾਈ ਦਾ ਕੋਈ ਨੁਕਸਾਨ ਨਾ ਹੋਵੇ ਅਤੇ ਕੋਈ ਕਲਾਸ ਮਿਸ ਨਾ ਹੋਵੇ । ਹਫਤੇ ਵਿੱਚ ਸਕੂਲ ਮੁੱਖੀ ਆਪਣੇ ਸਟਾਫ ਦੀ ਸਹੂਲਤ ਅਨੁਸਾਰ ਮੀਟਿੰਗ ਰੱਖ ਲਵੇ । ਸਕੂਲ ਮੁੱਖੀ ਆਪਣੀ ਸਹੂਲਤ ਅਨੁਸਾਰ ਵਿਸ਼ਾ ਅਧਿਆਪਕਾਂ ਨਾਲ ਜਮਾਤ ਵਿੱਚ ਵੀ ਬੈਠਣ ਅਤੇ ਆਪਣੀ ਟਿੱਪਣੀ ਅਧਿਆਪਨ ਡਾਇਰੀ ਵਿੱਚ ਵੀ ਦੇਣ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ